# ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8,ਐਸ.ਏ.ਐਸ. ਨਗਰ

ਈਮੇਲ: directorscert@punjabeducation.gov.in ਫੋਨ ਨੰ: 0172-2212221


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀ)
ਪੰਜਾਬ।

ਮੀਮੋ ਨੰਬਰ: SCERT/SCI/2023-2024/251818/e-566906
ਮਿਤੀ: ਐਸ.ਏ.ਐਸ. ਨਗਰ - 08.09.2023

**ਵਿਸ਼ਾ- Vidyarthi Vigyan Manthan 2023-24 ਪ੍ਰੀਖਿਆ ਵਿੱਚ ਹਿੱਸਾ ਲੈਣ ਸੰਬੰਧੀ**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ Vijnana Bharati (VIBHA) ਸੰਸਥਾ ਵੱਲੋਂ National Council of Educational Research and Training (NCERT) ਅਤੇ National Council of Science Museum (NCSM) ਦੇ ਸਹਿਯੋਗ ਨਾਲ Vidyarthi Vigyan Manthan (2023-24) ਆਨ-ਲਾਈਨ ਪ੍ਰੀਖਿਆ ਕਰਵਾਈ ਜਾ ਰਹੀ ਹੈ।

2.0 Vidyarthi Vigyan Manthan ਰਾਸ਼ਟਰੀ ਵਿਗਿਆਨ ਟੈਲੰਟ ਖੋਜ ਪ੍ਰੀਖਿਆ ਹੈ ਜਿਸਦਾ ਮੁੱਖ ਉਦੇਸ਼ ਛੇਵੀਂ ਤੋਂ ਗਿਆਰਵੀਂ ਜਮਾਤ ਤੱਕ ਦੇ ਸਕੂਲ ਜਾਣ ਵਾਲੇ ਵਿਦਿਆਰਥੀਆਂ ਦੇ ਮਨਾਂ ਅੰਦਰ ਵਿਗਿਆਨ ਦੇ ਖੇਤਰ ਵਿੱਚ ਭਾਰਤੀ ਯੋਗਦਾਨ ਬਾਰੇ ਜਾਗਰੂਕਤਾ ਪੈਦਾ ਕਰਨਾ, ਵਿਗਿਆਨ ਵਿਸ਼ੇ ਪ੍ਰਤੀ ਪ੍ਰੇਮ ਪੈਦਾ ਕਰਨਾ ਅਤੇ ਵਿਗਿਆਨ ਵਿਸ਼ੇ ਨੂੰ ਉਤਸ਼ਾਹਿਤ ਕਰਨਾ ਹੈ।

3.0. ਇਹ ਪ੍ਰੀਖਿਆ ਇੱਕ ਓਪਨ ਬੁੱਕ ਇਮਤਿਹਾਨ ਹੋਵੇਗੀ ਜਿਸ ਵਿੱਚ ਘਰ ਜਾਂ ਸਕੂਲ ਤੋਂ ਹਿੱਸਾ ਲਿਆ ਜਾ ਸਕਦਾ ਹੈ। ਇਸ ਪ੍ਰੀਖਿਆ ਵਿੱਚ ਗਿਆਨ ਅਤੇ ਆਲੋਚਨਾਤਮਕ ਸੋਚ ਤੇ ਆਧਰਿਤ ਪ੍ਰਸ਼ਨ ਹੋਣਗੇ (ਸੰਬੰਧਤ ਪੱਤਰ ਨਾਲ ਨੱਥੀ ਹੈ)।

4.0 ਉਕਤ ਪ੍ਰੀਖਿਆ ਵਿੱਚ ਆਪ ਜੀ ਦੇ ਜ਼ਿਲ੍ਹੇ ਦੇ ਸਕੂਲਾਂ ਵਿੱਚ ਪੜ੍ਹ ਰਹੇ ਹਿੱਸਾ ਲੈਣ ਦੇ ਚਾਹਵਾਨ ਵਿਦਿਆਰਥੀ ਨਾਲ ਨੱਥੀ ਪੱਤਰ ਵਿੱਚ ਦਿੱਤੇ ਗਏ ਲਿੰਕ, ਦਿਸ਼ਾ-ਨਿਰਦੇਸ਼ ਅਤੇ Schedule ਅਨੁਸਾਰ ਹਿੱਸਾ ਲੈ ਸਕਦੇ ਹਨ ।

5.0 ਇਸ ਪ੍ਰੀਖਿਆ ਵਿੱਚ ਰਾਸ਼ਟਰੀ ਪੱਧਰ ਦੇ ਜੇਤੂ ਵਿਦਿਆਰਥੀਆਂ ਨੂੰ (ਹਿਮਾਲਿਆਂ ਅਤੇ ਜ਼ੋਨਲ) ਲਈ 1 ਤੋਂ 3 ਹਫ਼ਤਿਆਂ ਦੀ ਵਿਆਪਕ ਸਿਖਲਾਈ ਅਤੇ ਇੰਟਰਨਸ਼ਿਪ ਪ੍ਰਦਾਨ ਕੀਤੀ ਜਾਵੇਗੀ।

6.0 ਇਹ ਪ੍ਰੀਖਿਆ ਵਿਦਿਆਰਥੀ ਦੇ ਵਿਗਿਆਨ ਵਿਸ਼ੇ ਵਿੱਚ ਗਿਆਨ ਦਾ ਵਾਧਾ ਕਰਨ ਵਿੱਚ ਸਹਾਈ ਹੋ ਸਕਦੀ ਹੈ।

7.0ਇਸ ਪ੍ਰੀਖਿਆ ਵਿੱਚ ਹਿੱਸਾ ਲੈਣ ਲਈ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ ਸ਼ੁੱਕਰਵਾਰ 15 ਸਤੰਬਰ 2023 ਹੈ ਅਤੇ ਰਜਿਸਟ੍ਰੇਸ਼ਨ ਦੀ ਫੀਸ 200/- ਰੁਪਏ ਪ੍ਰਤੀ ਵਿਦਿਆਰਥੀ ਹੈ । ਇਸ ਸੰਬੰਧੀ ਸਕੂਲ ਅਤੇ ਵਿਦਿਆਰਥੀ ਵਿਅਕਤੀਗਤ ਰੂਪ ਵਿੱਚ https://vvm.org.in/ ਵੈਬਸਾਇਟ ਤੇ ਰਜਿਸਟ੍ਰੇਸ਼ਨ ਲਈ ਅਪਲਾਈ ਕਰ ਸਕਦੇ ਹਨ।

8.0 ਇਹ ਪ੍ਰੀਖਿਆ ਲਾਜ਼ਮੀ ਨਹੀਂ ਹੈ ਅਤੇ ਵਿਦਿਆਰਥੀ ਆਪਣੀ ਰੁਚੀ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਵਿੱਚ ਹਿੱਸਾ ਲੈਣ ਦਾ ਫੈਸਲਾ ਲੈ ਸਕਦੇ ਹਨ।

ਡਾਇਰੈਕਟਰ
ਐੱਸ.ਸੀ.ਈ.ਆਰ.ਟੀ. ਪੰਜਾਬ।

**ਪਿੱਠ ਅੰਕਣ ਨੰ : ਉਕਤ** **ਮਿਤੀ:** ਐਸ.ਏ.ਐਸ.ਨਗਰ-08.09.2023

**ਉਪਰੋਕਤ ਦਾ ਉਤਾਰਾ DM (MIS) ਨੂੰ ਵੈੱਬਸਾਈਟ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ।**



ਸਹਾਇਕ ਡਾਇਰੈਕਟਰ
ਐੱਸ.ਸੀ.ਈ.ਆਰ.ਟੀ.,ਪੰਜਾਬ।